Alberta

ਬਿਆਨ

# ਕੈਂਸਰ ਅਵੇਅਰਨੈੱਸ ਮੰਥ: ਮਿਨਿਸਟਰ ਲਾਗਰੇਂਜ

3 ਅਪਰੈਲ 2024 ਮੀਡੀਆ ਇੰਨਕੁਆਰੀਆਂ

## ਸਿਹਤ ਮੰਤਰੀ ਐਡਰੀਐਨਾ ਲਾਗਰੇਂਜ ਨੇ ਕੈਂਸਰ ਅਵੇਅਰਨੈੱਸ ਮੰਥ ਬਾਰੇ ਹੇਠ ਲਿਖਿਆ ਬਿਆਨ ਜਾਰੀ ਕੀਤਾ:

" ਅਪਰੈਲ ਦਾ ਮਹੀਨਾ ਇਕ ਉਹ ਸਮਾਂ ਹੈ ਜੋ ਲੰਮੇ, ਉੱਜਲੇਰੇ ਦਿਨ ਲੈ ਕੇ ਆਉਂਦਾ ਹੈ। ਹਨੇਰੀ, ਠੰਡੀ ਸਰਦ ਰੁੱਤ ਤੋਂ ਬਾਦ, ਬਹਾਰ ਰੁੱਤ ਆਪਣੇ ਨਾਲ ਨਵੀਂ ਆਸ, ਨਵੀਂ ਜ਼ਿੰਦਗੀ ਅਤੇ ਨਵੀਆਂ ਸ਼ੁਰੂਆਤਾਂ ਦੇ ਵਾਅਦੇ ਲੈ ਕੇ ਆਉਂਦੀ ਹੈ।

" ਕਈ ਸਾਰੇ ਸਾਰੇ ਐਲਬਰਟਾ ਨਿਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹਾਰ ਰੁੱਤ ਦੇ ਇਹ ਵਾਅਦੇ ਕਿਸੇ ਕੈਂਸਰ ਦੀ ਰੋਗ-ਪਛਾਣ ਨਾਲ, ਅਤੇ ਇਕ ਮੁਸ਼ਕਿਲ ਸਫਰ ਦੀ ਸ਼ੁਰੂਆਤ ਨਾਲ ਗੁਆਚਦੇ ਮਹਿਸੂਸ ਹੋ ਸਕਦੇ ਹਨ, ਜਿਹੜਾ ਸਫਰ ਗੁੰਝਲਦਾਰ ਸਰੀਰਕ, ਮਨੋਵਿਗਿਆਨਕ, ਆਤਮਿਕ ਅਤੇ ਭਾਵਨਾਤਮਕ ਚੁਣੌਤੀਆਂ ਨਾਲ ਭਰਿਆ ਹੁੰਦਾ ਹੈ। ਮੇਰਾ ਧਿਆਨ ਇੰਨ੍ਹਾਂ ਵਿਅਕਤੀਆਂ ਅਤੇ ਪਰਿਵਾਰਾਂ ਦੇ ਨਾਲ ਹੈ ਅਤੇ ਮੈਂ ਤੁਹਾਡੇ ਸਾਰਿਆਂ ਲਈ ਹੌਂਸਲੇ, ਤਕੜਾਈ ਅਤੇ ਸਾਕਾਰਾਤਮਕ ਨਤੀਜਿਆਂ ਦੀ ਕਾਮਨਾਂ ਕਰਦੀ ਹਾਂ।

" ਦੋ ਐਲਬਰਟਾ ਨਿਵਾਸੀਆਂ 'ਚੋਂ ਇਕ ਨੂੰ ਆਪਣੇ ਜੀਵਨ ਕਾਲ 'ਚ ਕੈਂਸਰ ਦੀ ਰੋਗ-ਪਛਾਣ ਹੋਵੇਗੀ। ਸ਼ੁਕਰ ਹੈ, ਕਿ ਕੈਂਸਰ ਦੇ ਇਲਾਜ ਅਤੇ ਇਸ ਸਬੰਧੀ ਸਿਹਤ ਸੰਭਾਲ 'ਚ ਪ੍ਰਗਤੀਆਂ ਹੋਣੀਆਂ ਜਾਰੀ ਹਨ। ਕੈਂਸਰ ਨਾਲ ਖੁਦ ਲੜਨ ਮਗਰੋਂ, ਇਸ ਬੀਮਾਰੀ ਨਾਲ ਲੜਨ ਲਈ ਇਸਦੇ ਅਗੇਤਿਆਂ ਪਤਾ ਲੱਗਣ ਦੀ ਮਹਾਨਤਾ ਨੂੰ ਮੈਂ ਡੂੰਘੀ ਤਰ੍ਹਾਂ ਸਮਝਦੀ ਹਾਂ। ਅਗੇਤਿਆਂ ਪਤਾ ਲੱਗ ਜਾਣਾ ਇਲਾਜ ਦੇ ਸਫਲ ਹੋਣ 'ਚ ਉੱਤਮ ਮੌਕਾ ਬਣਦਾ ਹੈ। ਕੈਂਸਰ ਅਵੇਅਰਨੈੱਸ ਮੰਥ (ਕੈਂਸਰ ਚੇਤਨਾ ਮਹੀਨਾ) ਇਹ ਯਾਦ ਕਰਾਉਣ ਦਾ ਵਧੀਆ ਮੌਕਾ ਹੈ, ਕਿ ਜੇਕਰ ਤੁਸੀਂ ਆਪਣੀ ਸਿਹਤ 'ਚ ਲਗਾਤਾਰ ਅਤੇ ਫਿਕਰਮਈ ਤਬਦੀਲੀਆਂ ਵੇਖੋ, ਤਾਂ ਤੁਹਾਨੂੰ ਇਹ ਫਿਕਰਮੰਦੀਆਂ ਕਿਸੇ ਹੈਲਥ ਕੇਅਰ ਪ੍ਰੋਫੈਸ਼ਨਲ ਦੇ ਧਿਆਨ 'ਚ ਲਿਆਉਣੀਆਂ ਚਾਹੀਦੀਆਂ ਹਨ। ਕੈਂਸਰ 'ਚ ਸਮਾਂ ਅਜਾਂਈ ਨਹੀਂ ਗੁਆਉਣਾ ਚਾਹੀਦਾ - ਪਰ ਇਹ ਗਵਾਚ ਸਕਦਾ ਹੈ।

"ਕੈਂਸਰ ਸੇਵਾਵਾਂ ਤੱਕ ਸਮੇਂ ਸਿਰ ਪਹੁੰਚ ਨੂੰ ਤੇਜ਼ ਕਰਨ ਲਈ ਐਲਬਰਟਾ ਸਰਕਾਰ ਕੈਂਸਰ ਸਕਰੀਨਿੰਗ ਅਤੇ ਪਤਾ ਲਗਾਉਣ ਦੀਆਂ ਦਰਾਂ 'ਚ ਸੁਧਾਰ ਲਿਆਉਣ, ਮਿਥੀਆਂ ਹੋਈਆਂ ਅਤੇ ਨਿਪੁੰਨ ਪ੍ਰਕਾਰ ਦੀਆਂ ਪਰਹੇਜ਼ ਦੀਆਂ ਪਹਿਲਕਦਮੀਆਂ ਵਿਕਸਤ

ਕਰਨ ਅਤੇ ਸੂਬੇ ਭਰ 'ਚ ਸੇਵਾਵਾਂ ਦੀ ਵਧਾਈ ਹੋਈ ਸਮਰੱਥਾ ਤੇ ਪਹੁੰਚ ਦੁਆਰਾ ਇਲਾਜ/ਕੇਅਰ ਦੇ ਸਫਰ 'ਚ ਲਗਾਤਾਰਤਾ ਨੂੰ ਸਰਲ/ਸੁਚਾਰੂ ਬਣਾਉਣ ਦੇ ਯਤਨਾਂ ਨੂੰ ਸਮਰਥਨ ਦੇਣਾ ਜਾਰੀ ਰੱਖ ਰਹੀ ਹੈ।

"ਕੈਂਸਰ ਕੋਈ ਅਜਿਹੀ ਚੀਜ਼ ਨਹੀਂ ਜਿਸ ਨਾਲ ਅਸੀਂ ਇਕੱਲਿਆਂ ਲੜ ਸਕਦੇ ਹਾਂ। ਮੈਂ ਸਾਡੀਆਂ ਵਿਸ਼ਵ-ਪੱਧਰੀ ਖੋਜ ਇੰਸਟੀਚਿਊਟਾਂ ਦੀ ਅਣਥੱਕ ਪ੍ਰਤਿਬਧਤਾ ਅਤੇ ਐਲਬਰਟਾ ਕੈਂਸਰ ਫਾਊਂਡੇਸ਼ਨ ਤੋਂ ਪ੍ਰਭਾਵਤ ਹਾਂ। ਤੇਜ਼ ਦਿਮਾਗ, ਹੁਨਰਮੰਦ ਹੱਥ ਅਤੇ ਦੇਖਭਾਲ ਕਰਨ ਵਾਲੇ ਪ੍ਰੋਫੈਸ਼ਨਲ ਖੋਜਾਂ ਨੂੰ ਤੇਜ਼ੀ ਨਾਲ ਲੈਬਾਟਰੀ ਤੋਂ ਮਰੀਜ਼ ਦੇ ਬਿਸਤਰੇ ਦੇ ਕੋਲ ਤੱਕ ਲਿਆ ਰਹੇ ਹਨ, ਨਵੀਆਂ ਸਿੱਖਿਆਵਾਂ, ਪ੍ਰੈਕਟਿਸਾਂ ਅਤੇ ਨਵੀਨ ਸਮਾਧਾਨਾਂ ਨੂੰ ਅੱਗੇ ਚਲਾ ਰਹੇ ਹਨ, ਜਿਹੜਾ ਕੁਝ ਆਉਣ ਵਾਲੀਆਂ ਪੀੜ੍ਹੀਆਂ ਲਈ ਕੈਂਸਰ ਦੇ ਢੰਗ ਤਰੀਕਿਆਂ ਨੂੰ ਬਦਲ ਦੇਵੇਗਾ।

"ਚੇਤਨਾ, ਪਰਹੇਜ਼ ਅਤੇ ਕਾਰਵਾਈ ਦੁਆਰਾ ਕੈਂਸਰ ਨਾਲ ਇਕੱਠਿਆਂ ਲੜਕੇ ਐਲਬਰਟਾ ਨਿਵਾਸੀ ਕੈਂਸਰ 'ਚੋਂ ਜੀਵਤ ਨਿਕਲਣ ਦੀਆਂ ਦਰਾਂ 'ਚ ਤਰੱਕੀ ਲਿਆ ਸਕਦੇ ਅਤੇ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਸਵੰਦ ਹੋਣ ਦੇ ਵਧੇਰੇ ਕਾਰਨ ਦੇ ਸਕਦੇ ਹਨ।"

## ਸਬੰਧਤ ਜਾਣਕਾਰੀ

- ਹੈਲਦੀਅਰ ਟੂਗੈਦਰ
- ਐਲਬਰਟਾ ਕੈਂਸਰ ਫਾਊਂਡੇਸ਼ਨ
- ਕੈਨੇਡੀਅਨ ਕੈਂਸਰ ਸੁਸਾਇਟੀ'ਜ਼ ਡੈਫੋਡਿਲ ਕੰਪੇਨ
- ਐਲਬਰਟਾ ਹੈਲਥ ਸਰਵਿਸਿਜ਼ ਸੁਪੋਰਟਿਵ ਕੇਅਰ ਐਂਡ ਲਿਵਿੰਗ ਵੈੱਲ

## ਮੀਡੀਆ ਇੰਨਕੁਆਰੀਆਂ


### Andrea Smith

780-405-0775
ਪ੍ਰੈੱਸ ਸੈਕਰੇਟਰੀ, ਹੈਲਥ


Classification: Public